# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ

**ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ**

**ਫੋਨ ਨੰ. 0172-2212221**

ਵੱਲ

ਸਮੂਹ ਪ੍ਰਿੰਸੀਪਲ ਡਾਇਟ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਡੀ.ਐਮ. ਗਣਿਤ ਅਤੇ ਬੀ.ਐਮ. ਗਣਿਤ (ਈ-ਮੇਲ ਰਾਹੀਂ)
ਸਬੰਧਤ ਸਕੂਲ ਮੁੱਖੀ (ਵੈਬਸਾਈਟ ਰਾਹੀਂ)
ਸਬੰਧਤ ਅਧਿਆਪਕ (ਵੈਬਸਾਈਟ ਰਾਹੀਂ)

ਮੀਮੋ ਨੰ: SCERT, QPlUP/2019 44515
ਮਿਤੀ:-06-02-19

**ਵਿਸ਼ਾ :- ਰਾਜ ਦੇ ਛੇਵੀਂ ਤੋਂ ਅੱਠਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਗਣਿਤ ਅਤੇ ਪੰਜਾਬੀ ਵਿਸ਼ੇ ਦੇ ਐਂਡਲਾਈਨ ਟੈਸਟ ਸਬੰਧੀ।**

1) ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਦੇ ਧਿਆਣ ਵਿੱਚ ਲਿਆਂਦਾ ਜਾਂਦਾ ਹੈ ਕਿ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਤਹਿਤ ਜਮਾਤਾਂ ਛੇਵੀਂ ਤੋਂ ਅੱਠਵੀਂ ਲਈ ਗਣਿਤ ਅਤੇ ਪੰਜਾਬੀ ਵਿਸ਼ੇ ਦਾ ਗੁਣਾਤਮਕ ਸੁਧਾਰ ਦਾ ਪ੍ਰੋਜੈਕਟ ਚੱਲ ਰਿਹਾ ਹੈ। ਜਿਸ ਤਹਿਤ ਇਹਨਾਂ ਜਮਾਤਾਂ ਦਾ ਪੰਜਾਬੀ ਦਾ ਅਤੇ ਗਣਿਤ(ਫੇਜ਼-2) ਬੇਸਲਾਈਨ ਕਰਵਾਇਆ ਜਾ ਚੁਕਿਆ ਹੈ। ਇਸ ਉਪਰੰਤ ਸਬੰਧਤ ਅਧਿਆਪਕਾਂ ਵੱਲੋਂ ਵਿਭਾਗ ਵਲੋਂ ਭੇਜੀਆਂ ਗਈਆਂ ਸਿਲੇਬਸ ਅਧਾਰਿਤ ਵਰਕਸ਼ੀਟਾਂ ਤੇ ਕੰਮ ਕਰਵਾਇਆ ਜਾ ਰਿਹਾ ਹੈ।
2) ਹੁਣ ਵਿਭਾਗ ਵੱਲੋਂ ਸਕੂਲ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਦਾ ਸਕੂਲ ਮੁੱਖੀ, ਡੀ.ਐਮ./ਬੀ.ਐਮ. ਦੀ ਦੇਖ-ਰੇਖ ਵਿੱਚ ਆਪਣੇ ਅਧਿਆਪਕ ਦੁਆਰਾ ਹੀ ਦੋਵਾਂ ਵਿਸ਼ਿਆਂ ਪੰਜਾਬੀ ਅਤੇ ਗਣਿਤ(ਫੇਜ਼-2) ਐਂਡਲਾਈਨ ਟੈਸਟ ਕਰਵਾਇਆ ਜਾ ਰਿਹਾ ਹੈ। ਪੰਜਾਬੀ ਦਾ ਐਂਡਲਾਈਨ ਟੈਸਟ ਮਿਤੀ: 08-02-2019 ਨੂੰ ਅਤੇ ਗਣਿਤ ਦਾ ਐਂਡਲਾਈਨ ਮਿਤੀ: 12-02-2019 ਨੂੰ ਕਰਵਾਇਆ ਜਾਵੇਗਾ।
3) ਗਣਿਤ ਦਾ ਐਂਡਲਾਈਨ (ਚਾਰ ਪੰਨਿਆਂ ਦੀ Question cum Answer Sheet ਹੋਵੇਗੀ। ਐਂਡਲਾਈਨ ਟੂਲ ਦੀ ਹਾਰਡ ਕਾਪੀ ਹੈਡ ਆਫਿਸ ਤੋਂ ਭੇਜੀ ਜਾ ਚੁੱਕੀ ਹੈ। ਇਸ ਲਈ ਸਬੰਧਤ ਡੀ.ਐਮ./ਬੀ.ਐਮ.(ਗਣਿਤ) ਨਾਲ ਸੰਪਰਕ ਕੀਤਾ ਜਾਵੇ।
4) ਪੰਜਾਬੀ ਦਾ ਐਂਡਲਾਈਨ ਸਬੰਧਤ ਡੀ.ਐਮ.(ਗਣਿਤ) ਰਾਹੀਂ, ਸਬੰਧਤ ਸਕੂਲ ਮੁੱਖੀ ਨੂੰ ਮੇਲ ਕੀਤਾ ਜਾਵੇ ਜੀ। ਜਿਸ ਲਈ ਦੋ ਜਾਂਚ ਪੱਤਰ 1 ਅਤੇ ਜਾਂਚ ਪੱਤਰ-2 ਭੇਜੇ ਜਾਣਗੇ। ਪੰਜਾਬੀ ਦਾ ਐਂਡਲਾਈਨ ਮਿਤੀ: 15.02.2019 ਤੱਕ ਮੁਕੰਮਲ ਕਰ ਲਿਆ ਜਾਵੇਗਾ।
5) ਦੋਵੇਂ ਐਂਡਲਾਈਨ ਹੋਣ ਉਪਰੰਤ ਬੀ.ਐਮ. ਰਾਹੀਂ ਸਬੰਧਤ ਅਧਿਆਪਕਾਂ ਵੱਲੋਂ ਤਿਆਰ ਕੀਤੀ ਡਾਟਾ ਸ਼ੀਟਜ਼ ਰਿਕਾਰਡ ਇਕੱਤਰ ਕਰਕੇ ਇਸ ਕੰਮ ਲਈ ਬਣਾਏ ਗਏ ਐਪ ਵਿੱਚ ਬੀ.ਐਮ. ਰਾਹੀਂ ਪੋਸਟ ਕੀਤਾ ਜਾਵੇਗਾ।
6) ਇਸ ਸਾਰੀ ਪ੍ਰਕਿਰਿਆ ਦੀ ਮੋਨੀਟਰਿੰਗ ਅਤੇ ਮੈਂਟਰਿੰਗ ਡੀ.ਐਮ/ਬੀ.ਐਮ. ਦੀ ਟੀਮ ਵੱਲੋਂ ਲਗਾਤਾਰ ਕੀਤੀ ਜਾਵੇਗੀ ਅਤੇ ਅੰਤ ਵਿੱਚ ਟੀਮ ਵੱਲੋਂ ਇਸ ਦਾ ਡਾਟਾ ਬਣਾਏ ਗਏ ਐਪ ਰਾਹੀਂ ਪੋਸਟ ਕੀਤਾ ਜਾਵੇਗਾ। ਜਿਸ ਦੀ ਲਗਾਤਾਰ ਮੋਨੀਟਰਿੰਗ ਜਿਲਾ ਪੱਧਰ ਤੇ ਡੀ.ਐਮ. ਅਤੇ ਹੈਡ ਆਫਿਸ ਵੱਲੋਂ ਕੀਤੀ ਜਾਵੇਗੀ।
7) ਇਸ ਕੰਮ ਲਈ ਸਮੂਹ ਕਲੱਸਟਰ ਇੰਚਾਰਜ਼ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਇਸ ਪ੍ਰੋਜੈਕਟ ਦੇ ਸਹੀ ਨਤੀਜਿਆਂ ਲਈ ਇਸ ਕੰਮ ਪ੍ਰਤੀ ਰੁਝਾਨ ਅਤੇ ਸੰਜੀਦਗੀ ਦਿਖਾਈ ਜਾਵੇ। ਇਹਨਾਂ ਐਂਡਲਾਈਨ ਦੇ ਨਤੀਜੇ, ਵਿਦਿਆਰਥੀ ਦੀ ਸਲਾਨਾ ਰਿਪੋਰਟ ਅਤੇ ਅਧਿਆਪਕ ਦੀ ACR ਵਿੱਚ ਦਰਜ਼ ਕੀਤੇ ਜਾਣਗੇ।
8) ਛੇਵੀਂ ਤੋਂ ਅੱਠਵੀਂ ਜਮਾਤਾਂ ਦੇ ਸਲਾਨਾ ਪ੍ਰੀਖਿਆ ਵਿੱਚ, ਵਰਕਸ਼ੀਟਜ਼ ਵਿੱਚ ਵੀ ਪ੍ਰਸ਼ਨ ਪੁਛੇ ਜਾਣਗੇ।

**ਡਾਇਰੈਕਟਰ**
**ਐਸ.ਸੀ.ਈ.ਆਰ.ਟੀ., ਪੰਜਾਬ।**

**ਪਿੱਠ ਅੰਕਣ ਨੰ: ਐਸ.ਸੀ.ਈ.ਆਰ.ਟੀ/**

**ਮਿਤੀ :**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
2. ਡੀ.ਪੀ.ਆਈ (ਸੈ.ਸਿੱ), ਪੰਜਾਬ
3. ਡੀ.ਪੀ.ਆਈ (ਐ.ਸਿੱ), ਪੰਜਾਬ

**ਡਾਇਰੈਕਟਰ**
**ਐਸ.ਸੀ.ਈ.ਆਰ.ਟੀ, ਪੰਜਾਬ**